**Exam. Code : 105401**
**Subject Code : 1358**

**Bachelor in Business Administration (BBA) 1st Sem.**
**(Batch 2021-24)**

**PUNJABI COMPULSORY**

**Paper–BBA–102 (i)**

Time Allowed—3 Hours] [Maximum Marks—50

**ਨੋਟ :—** ਹਰੇਕ ਭਾਗ ਵਿੱਚੋਂ ਘੱਟੋ-ਘੱਟ **ਇੱਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

**ਭਾਗ–ੳ**

1. ਹੇਠ ਲਿਖੇ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਬਹੁਤੇ ਦੁੱਖ ਉਹ ਝੱਲਦੇ ਦੇਸ਼ ਬਦਲੇ,
ਬੰਦੇ ਕੌਮ ਦੇ ਜਿਹੜੇ ਦਲੇਰ ਹੁੰਦੇ।
ਇੱਟਾਂ ਓਸੇ ਨੂੰ ਬਹੁਤੀਆਂ ਪੈਂਦੀਆਂ ਨੇ,
ਜਿਹੜੀ ਬੇਰੀ ਦੇ ਨਾਲ ਨੇ ਬੇਰ ਹੁੰਦੇ।
ਕੌਣ ਪੁੱਛਦਾ ਕਾਵਾਂ ਤੇ ਗਿੱਦੜਾਂ ਨੂੰ,
ਕੈਦ ਪਿੰਜਰੇ ਬਾਜ ਤੇ ਸ਼ੇਰ ਹੁੰਦੇ।

2. 'ਰਾਧਾ ਸੰਦੇਸ਼' ਕਵਿਤਾ ਦਾ ਵਿਸ਼ਾ-ਵਸਤੂ ਲਿਖੋ।

**ਭਾਗ–ਅ**

3. 'ਭਗਵਾਨ ਬੁੱਧ' ਦੀ ਜੀਵਨੀ ਦਾ ਸਾਰ ਲਿਖੋ।

4. 'ਫਲਾਰੈਂਸ ਨਾਈਟਿੰਗੇਲ' ਦੀ ਜੀਵਨੀ ਵਿਚੋਂ ਉਸਦਾ ਨਾਇਕ ਬਿੰਬ ਕਿਸ ਪ੍ਰਕਾਰ ਦਾ ਬਣਦਾ ਹੈ ?



**ਭਾਗ–ੲ**

5. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇੱਕ** ਤੇ ਪੈਰ੍ਹਾ ਰਚਨਾ ਕਰੋ :
   (1) 2020-21 ਦਾ ਕਿਸਾਨੀ ਸੰਘਰਸ਼।
   (2) ਭਗਤ ਸਿੰਘ ਦੀ ਕ੍ਰਾਂਤੀਕਾਰੀ ਸੋਚ ਅਤੇ ਅੱਜ ਦਾ ਭਾਰਤ।
   (3) ਊਰਜਾ ਅਤੇ ਜੀਵਨ।

6. ਪੈਰ੍ਹਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਅੱਜ ਕਿਧਰੇ ਵੀ ਵੱਡੀ ਉਮਰ ਦੇ ਚਾਰ ਮਰਦ ਜਾਂ ਇਸਤਰੀਆਂ ਜੁੜ ਬੈਠਦੀਆਂ ਹਨ, ਇਹੋ ਗੱਲ ਕਰਦੇ ਹਨ ਕਿ ਬੱਸ ਉਹ ਪੁਰਾਣੇ ਸਮਿਆਂ ਵਾਲੀਆਂ ਗੱਲਾਂ ਕਿੱਥੇ ਰਹੀਆਂ। ਉਹ ਪਹਿਲੇ ਵੇਲਿਆਂ ਦਾ ਪਰਿਵਾਰਕ ਜੀਵਨ ਤਾਂ ਸੁਪਨਾ ਬਣ ਗਿਆ ਹੈ। ਲੋਕ ਆਪਣੇ **ਆਲੇ-ਦੁਆਲੇ** 'ਚੋਂ ਆਪਣੇ ਪਿੰਡ 'ਚੋਂ ਪੁਰਾਣੇ ਪਰਿਵਾਰਾਂ ਦੀਆਂ ਤੇ ਗੁਆਂਢੀਆਂ ਦੇ ਟੱਬਰਾਂ ਦੀਆਂ ਉਦਾਹਰਣਾਂ ਦਿੰਦੇ ਹਨ ਕਿਵੇਂ ਉਹ ਲੋਕ **ਸਬਰ ਸੰਤੋਖ** ਨਾਲ ਦੋ **ਖਣਾਂ** ਦੇ ਕਮਰੇ ਵਿੱਚ ਰਹਿੰਦੇ ਸਨ। ਹੁਣ ਵੇਖਣਾ ਹੈ ਕਿ ਬੀਤੇ ਸਮਿਆਂ ਦੇ ਪੰਜਾਬੀ ਪਰਿਵਾਰ ਅਤੇ ਵਰਤਮਾਨ ਸਮਿਆਂ ਦੇ ਪਰਿਵਾਰਾਂ ਵਿੱਚ ਕੀ **ਅੰਤਰ** ਆ ਗਿਆ ਹੈ ? ਇਸ ਤੋਂ ਵੀ ਪਹਿਲਾਂ ਇਹ ਵਿਚਾਰਨਾ ਪਵੇਗਾ ਕਿ ਪਰਿਵਾਰ ਕੀ ਹੁੰਦਾ ਹੈ ?

(1) ਅੱਜ ਵੱਡੀ ਉਮਰ ਦੇ ਮਰਦ ਜਾਂ ਔਰਤਾਂ ਕੀ ਗੱਲਾਂ ਕਰਦੇ ਹਨ ?
(2) ਸੁਪਨਾ ਕੀ ਬਣ ਗਿਆ ਹੈ ?
(3) ਪੁਰਾਣੇ ਬੰਦਿਆਂ ਦੀਆਂ ਕੀ ਉਦਾਹਰਣਾਂ ਦਿੰਦੇ ਹਨ ?
(4) ਮੁੱਢਲੀ ਵਿਚਾਰਨ ਵਾਲੀ ਗੱਲ ਕਿਹੜੀ ਹੈ ?
(5) ਮੋਟੇ ਸ਼ਬਦਾਂ ਦੇ ਅਰਥ ਲਿਖੋ।

**ਭਾਗ–ਸ**

7. ਟਕਸਾਲੀ ਭਾਸ਼ਾ ਅਤੇ ਉਪ-ਭਾਸ਼ਾ ਨੂੰ ਸਪੱਸ਼ਟ ਕਰਦੇ ਹੋਏ ਦੁਆਬੀ ਉਪ-ਭਾਸ਼ਾ ਦੇ ਪਛਾਣ ਚਿੰਨ੍ਹ ਦੱਸੋ।

8. ਪੰਜਾਬੀ ਭਾਸ਼ਾ ਦੇ ਨਿਕਾਸ ਅਤੇ ਵਿਕਾਸ ਬਾਰੇ ਵਿਸਥਾਰ ਸਹਿਤ ਨੋਟ ਲਿਖੋ।